# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ
ਫੋਨ ਨੰ.0172-5212307, 2210019 ਫੈਕਸ ਨੰ. 0172-5212369

ਵੱਲ

ਮੰਡਲ ਸਿੱਖਿਆ ਅਫਸਰ,
ਫਰੀਦਕੋਟ, ਜਲੰਧਰ ਅਤੇ ਪਟਿਆਲਾ (ਐਟ ਨਾਭਾ)
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ (ਵੈਬ-ਸਾਈਟ ਤੇ)
ਪੰਜਾਬ ਰਾਜ।

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./2017/ 589
ਮਿਤੀ 18/04/2017

ਵਿਸ਼ਾ:- ਸਰਵ ਸਿੱਖਿਆ ਅਭਿਆਨ ਅਧੀਨ ਬਲਾਕ ਪੱਧਰ ਤੇ ਤੈਨਾਤ ਲੇਖਾਕਾਰਾਂ ਨੂੰ ਮਿਡ-ਡੇ-ਮੀਲ ਸਬੰਧੀ ਕੰਮ ਸੌਂਪਣ ਬਾਰੇ।

1.0 ਮਿਡ-ਡੇ-ਮੀਲ ਸਕੀਮ ਦੁਆਰਾ ਰਾਜ ਦੇ ਸਮੂਹ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਸ਼੍ਰੇਣੀ ਤੋਂ ਅੱਠਵੀਂ ਸ਼੍ਰੇਣੀ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਰੋਜਾਨਾ ਮਿਡ-ਡੇ-ਮੀਲ ਦੀ ਸੁਵਿਧਾ ਦਿੱਤੀ ਜਾਂਦੀ ਹੈ।

2.0 ਉਪਰੋਕਤ ਸਕੀਮ ਦੀ ਦੇਖ ਭਾਲ ਤੇ ਨਿਗਰਾਨੀ ਕਰਨ ਹਿੱਤ ਪੰਜਾਬ ਰਾਜ ਦੇ ਸਮੂਹ ਬਲਾਕਾਂ ਵਿੱਚ ਸਹਾਇਕ ਬਲਾਕ ਮੈਨੇਜਰਾਂ ਦੀ ਤੈਨਾਤੀ ਕੀਤੀ ਗਈ ਹੈ ਪ੍ਰੰਤੂ ਕਈ ਬਲਾਕਾਂ ਵਿੱਚ ਸਹਾਇਕ ਬਲਾਕ ਮੈਨੇਜਰਾਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ। ਜਿਨ੍ਹਾਂ ਬਲਾਕਾਂ ਵਿੱਚ ਸਹਾਇਕ ਬਲਾਕ ਮੈਨੇਜਰ ਤੈਨਾਤ ਨਹੀਂ ਹਨ ਉਨ੍ਹਾਂ ਬਲਾਕਾਂ ਦੇ ਸਕੂਲਾਂ ਵਿੱਚ ਮਿਡ-ਡੇ-ਮੀਲ ਦੀ ਨਿਗਰਾਨੀ ਤੇ ਸੂਚਨਾ ਇੱਕਤਰ ਕਰਨ ਵਿੱਚ ਦਿੱਕਤਾਂ ਪੇਸ਼ ਆ ਰਹੀਆਂ ਹਨ।

3.0 ਉਪਰੋਕਤ ਦਿੱਕਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨਯੋਗ ਵਧੀਕ ਮੁੱਖ ਸਕੱਤਰ (ਸਕੂਲ ਸਿੱਖਿਆ) ਦੇ ਹੁਕਮਾਂ ਅਨੁਸਾਰ ਜਿਨ੍ਹਾਂ ਬਲਾਕਾਂ ਵਿੱਚ ਸਹਾਇਕ ਬਲਾਕ ਮੈਨੇਜਰਾਂ ਦੀਆਂ ਅਸਾਮੀਆਂ ਖਾਲੀ ਹਨ ਉਨ੍ਹਾਂ ਬਲਾਕਾਂ ਵਿੱਚ ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਤੈਨਾਤ ਕੀਤੇ ਗਏ ਦੋ ਲੇਖਾਕਾਰਾਂ ਵਿੱਚੋਂ ਇੱਕ ਲੇਖਾਕਾਰ ਨੂੰ ਆਪਣੇ ਕੰਮ ਦੇ ਨਾਲ-ਨਾਲ ਮਿਡ-ਡੇ-ਮੀਲ ਸਕੀਮ ਨਾਲ ਸਬੰਧਤ ਸੂਚਨਾਵਾਂ ਇਕੱਤਰ ਕਰਨ ਤੇ ਸਕੂਲਾਂ ਵਿੱਚ ਮਿਡ-ਡੇ-ਮੀਲ ਦੀ ਨਿਗਰਾਨੀ ਦਾ ਕੰਮ ਸੌਂਪ ਦਿੱਤਾ ਜਾਵੇ। ਸਬੰਧਤ ਬਲਾਕ ਦਾ ਨਾਂ, ਲੇਖਾਕਾਰ ਦਾ ਨਾਂ ਸਮੇਤ ਮੋਬਾਇਲ ਨੰ. ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

4.0 ਮਾਨਯੋਗ ਵਧੀਕ ਮੁੱਖ ਸਕੱਤਰ ਜੀ ਦੇ ਹੁਕਮਾਂ ਦੀ ਪਾਲਣਾ ਤੁਰੰਤ ਕਰਦੇ ਹੋਏ ਲੋੜੀਂਦੀ ਕਾਰਵਾਈ ਕਰਕੇ ਮੁੱਖ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ।

18/4/17
ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ

ਪਿੱ.ਅੰ.ਨੰ.ਐਮ.ਡੀ.ਐਮ.ਐਸ./ਜੀ.ਐਮ./2017/ 590
ਮਿਤੀ 18/04/2017

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਕੋਆਰਡੀਨੇਟਰ/ਲੇਖਾਕਾਰ, ਮਿਡ-ਡੇ-ਮੀਲ, ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਹਾਇਕ ਬਲਾਕ ਮੈਨੇਜਰਾਂ ਨੂੰ ਸਿੱਖਿਆ ਬਲਾਕਾਂ ਦਾ ਵਾਧੂ ਚਾਰਜ ਦਿੱਤਾ ਗਿਆ ਹੈ, ਉਨ੍ਹਾਂ ਸਹਾਇਕ ਬਲਾਕ ਮੈਨੇਜਰਾਂ ਨੂੰ ਫਾਰਗ ਹੋਣ ਦੀ ਮਿਤੀ ਤੋਂ ਵਾਧੂ ਭੱਤਾ ਦੇਣਾ ਬੰਦ ਕਰ ਦਿੱਤਾ ਜਾਵੇ।

ਜਨਰਲ ਮੈਨੇਜਰ